**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਚੰਡੀਗੜ੍ਹ**

**( ਅਮਲਾ-1 ਸ਼ਾਖਾ )**

ਹੁਕਮ ਨੰ. 24/43-2019-ਅਮਲਾ-1(1)

ਮਿਤੀ ਚੰਡੀਗੜ੍ਹ :15/04/2019

ਇਸ ਦਫਤਰ ਵਲੋਂ ਵੱਖ-ਵੱਖ ਹੁਕਮ ਨੰਬਰਾਂ ਰਾਹੀਂ ਵਿੱਤੀ ਸਾਲ 2018-2019 ਦੌਰਾਨ ਮੈਡੀਕਲ ਕਲੇਮ ਸਬੰਧੀ ਮੰਨਜੂਰੀਆਂ ਜਾਰੀ ਕੀਤੀਆਂ ਗਈਆਂ ਸਨ। ਉਸ ਵਿੱਤੀ ਸਾਲ ਦੌਰਾਨ ਬਜਟ ਅਲਾਟਮੈਂਟ ਉਪਲਬਧ ਨਾਂ ਹੋਣ ਕਾਰਨ ਜਾ ਕਿਸੇ ਹੋਰ ਕਾਰਨ ਅਜਿਹੇ ਮੈਡੀਕਲ ਕਲੇਮਾਂ ਦੀ ਅਦਾਇਗੀ ਸਬੰਧਤ ਕਰਮਚਾਰੀਆਂ/ਰਿਟਾਇਰੀਆਂ ਨੂੰ ਨਹੀਂ ਹੋ ਸਕੀ, ਨੂੰ ਹੇਠ ਲਿਖੇ ਲੇਖਾ ਮੱਦਾਂ ਅਧੀਨ ਵਿੱਤੀ ਸਾਲ 2019-2020 ਲਈ ਰੀਵੈਲੀਡੇਟ ਕੀਤਾ ਜਾਂਦਾ ਹੈ। ਮੈਡੀਕਲ ਕਲੇਮਾਂ ਦੀਆਂ ਪਹਿਲਾਂ ਜਾਰੀ ਕੀਤੀਆਂ ਗਈਆਂ ਮੰਨਜੂਰੀਆਂ ਵਿਚ ਦਰਜ ਕੀਤੀਆਂ ਗਈਆਂ ਸ਼ਰਤਾਂ ਪਹਿਲਾਂ ਵਾਂਗ ਹੀ ਲਾਗੂ ਰਹਿਣਗੀਆਂ।

2. ਸਬੰਧਤ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਅਜਿਹੀਆਂ ਅਦਾਇਗੀਆਂ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਉਣਗੇ ਕਿ ਕਲੇਮ ਕਰਤਾ ਵਲੋਂ ਪੇਸ਼ ਕੀਤੇ ਗਏ ਕਲੇਮ ਸਬੰਧੀ ਇਸ ਦਫਤਰ ਵਲੋਂ ਜਾਰੀ ਕੀਤੀ ਗਈ ਮੰਨਜੂਰੀ ਸਬੰਧੀ ਪਹਿਲਾਂ ਕੋਈ ਅਦਾਇਗੀ ਨਹੀਂ ਕੀਤੀ ਗਈ ਹੈ।

1. ਲੇਖਾ ਮੱਦ 2202-ਜਨਰਲ ਸਿੱਖਿਆ-01-ਐਲੀਮੈਂਟਰੀ ਸਿੱਖਿਆ-101ਸਪ੍ਰਸ-01 ਨਾਨ ਪਲਾਨ 2019-20 ਅਧੀਨ ਹੋਵੇਗਾ।
2. ਲੇਖਾ ਮੱਦ 2235 ਸੋਸ਼ਲ ਸਕਿਓਰਟੀ ਐਂਡ ਵੈਲਫੇਅਰ-02-ਸੋਸ਼ਲ ਸਕਿਓਰਟੀ-200-ਅਦਰ ਪ੍ਰੋਗਰਾਮ-03 ਚਾਰਜਿਸ ਟੂ ਗੋਰਮਿੰਟ ਪੈਨਸ਼ਨਰਜ਼ ਨਾਨ ਪਲਾਨ 2019-20 ਅਧੀਨ ਹੋਵੇਗਾ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿੱਖਿਆ ਵਿਭਾਗ (ਐ :ਸਿ: )**
**ਪੰਜਾਬ, ਚੰਡੀਗੜ੍ਹ।**

ਪਿੱਠ ਅੰਕਣ ਨੰ. ਉਕਤ 1668 ਮਿਤੀ ਚੰਡੀਗੜ੍ਹ : 16/4/19

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿੰਨ੍ਹਾਂ ਕਲੇਮਾਂ ਦੀ ਅਦਾਇਗੀ ਮਿਤੀ 31/03/2019 ਤੱਕ ਨਹੀਂ ਹੋਈ ਹੈ, ਸਬੰਧੀ ਸੂਚਨਾਂ ਇਸ ਦਫਤਰ ਨੂੰ ਮਿਤੀ 31/5/2018 ਤੱਕ ਹਰ ਹਾਲਤ ਵਿਚ ਪੁੱਜਦੀ ਕਰਨੀ ਯਕੀਨੀ ਬਣਾਈ ਜਾਵੇ।
2. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਮਾਰਫਤ ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:)
3. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
4. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰ, ਮਾਰਫਤ ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:)।
5. ਸੁਪਰਡੰਟ ਬਜਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਲੋੜੀਂਦੇ ਫੰਡਜ਼ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਮੁਹੱਈਆ ਕਰਵਾਏ ਜਾਣ।
6. ਸੁਪਰਡੰਟ ਅਮਲਾ-1 ਸ਼ਾਖਾ (ਦਫਤਰ ਵਿਚ ਹੀ)।
7. ਸੁਪਰਡੰਟ ਅਮਲਾ-2 ਸ਼ਾਖਾ( ਦਫਤਰ ਵਿਚ ਹੀ)।
8. ਸੁਪਰਡੰਟ- ਸੇਵਾਵਾਂ ਪ੍ਰਾਇਮਰੀ ਸ਼ਾਖਾ
9. ਪੀ.ਏ ਟੂ ਡੀ.ਪੀ.ਆਈ.(ਐ:ਸਿ:) ਪੰਜਾਬ, ਮੋਹਾਲੀ।
10. ਐਮ.ਆਈ.ਐਸ ਵਿੰਗ ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ, ਅਜੀਤਗੜ੍ਹ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

**ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)**